ਚੁਮ ਚੁਮ ਰਖੋ ਨੀ ਏ ਕਲਗੀ ਜੁਝਾਰ ਦੀ
ਫੁਲਾਂ ਨਾਲ ਗੁੰਦ ਲੜੀ ਹੀਰਿਆਂ ਦੇ ਹਾਰ ਦੀ
ਜੰਗ ਵਿਚੋਂ ਲੜ ਕੇ ਸ਼ਿਪਾਹੀ ਮੇਰੇ ਅਉਣਗੇ
ਚੰਨਾਂ ਜਿਹਿਆਂ ਚੇਹਿਰਿਆਂ ਚੋਂ ਚੰਦ ਮੁਸ਼ਕ੍ਰੌਣਗੇ
ਵਹੇੜੇ ਵਿਚ ਠਾਠਾਂ ਮਾਰੂ ਖੁਸ਼ੀ ਸੰਸਾਰ ਦੀ
ਚੁਮ ਚੁਮ ਰਖੋ ਨੀ ਏ ਕਲਗੀ ਜੁਝਾਰ ਦੀ
ਫੁਲਾਂ ਨਾਲ ਗੁੰਦ ਲੜੀ ਹੀਰਿਆਂ ਦੇ ਹਾਰ ਦੀ
ਕੂਲੇ ਕੂਲੇ ਹੱਥ ਕਿਰਪਾਨਾਂ ਵਿਚ ਗੋੜੀਆਂ
ਕੱਲ ਨੇ ਸਵੇਰ ਦੀਆਂ ਜੋੜੀਆਂ ਮੈ ਤੋਰੀਆਂ
ਜਿਹਨਾਂ ਦਾ ਵਿਛੋੜਾ ਨਾ ਮੈਂ ਪਲ ਸੀ ਸਹਾਰਦੀ
ਚੁਮ ਚੁਮ ਰਖੋ ਨੀ ਏ ਕਲਗੀ ਜੁਝਾਰ ਦੀ
ਫੁਲਾਂ ਨਾਲ ਗੁੰਦ ਲੜੀ ਹੀਰਿਆਂ ਦੇ ਹਾਰ ਦੀ
ਘੋੜੀਆਂ ਦੇ ਪੌੜ ਜਦੌਂ ਕੰਨਾਂ ਦੁਣੇ ਵੱਜਦੇ
ਵੇਖਣ ਨੂੰ ਨੱਠ ਆਏ ਬੂਹੇ ਵੱਲ ਭੱਜਦੇ
ਲਹੂ ਵਿਚ ਭਿੱਜੀ ਘੋੜੀ ਵੇਖੀ ਭੁਬਾਂ ਮਾਰਦੀ
ਚੁਮ ਚੁਮ ਰਖੋ ਨੀ ਏ ਕਲਗੀ ਜੁਝਾਰ ਦੀ
ਫੁਲਾਂ ਨਾਲ ਗੁੰਦ ਲੜੀ ਹੀਰਿਆਂ ਦੇ ਹਾਰ ਦੀ
ਲ਼ੱਗੇ ਹੋਏ ਕਾਠੀ ਅੁਤੇ ਲਹੂ ਨੇ ਇਹ ਦੱਸਿਆ
ਮਾਏ ਤੇਰਾ ਜੋੜਾ ਦਾਦੇ ਕੋਲ ਹੈ ਜਾ ਵੱਸਿਆ
ਛੱਡਦੇ ਉਡੀਕ ਹੁਣ ਹੰਸਾਂ ਦੀ ਡਾਰ ਦੀ
ਚੁਮ ਚੁਮ ਰਖੋ ਨੀ ਏ ਕਲਗੀ ਜੁਝਾਰ ਦੀ
ਫੁਲਾਂ ਨਾਲ ਗੁੰਦ ਲੜੀ ਹੀਰਿਆਂ ਦੇ ਹਾਰ ਦੀ